**ਅੰਮ੍ਰਿਤ ਛਕਣ ਤੋਂ ਬਾਅਦ ਅੰਮ੍ਰਿਤਧਾਰੀ ਸਿੰਘ-ਸਿੰਘਣੀ ਦੀਆਂ ਪੰਥਕ ਜ਼ਿੰਮੇਵਾਰੀਆਂ:**

- ਅੰਮ੍ਰਿਤ ਛਕਣ ਤੋਂ ਬਾਅਦ ਸਿੰਘ ਜੀ ਹਰ ਵੇਲੇ ਪੰਥ ਦੀ ਸੇਵਾ ਲਈ ਤਿਆਰ ਬਰ ਤਿਆਰ ਰਹੇ। ਜਦ ਵੀ ਪਿੰਡ ਨਗਰ ਕੀਰਤਨ ਹੋਵੇ ਤਾਂ ਸਿੰਘ ਅੰਮ੍ਰਿਤ ਛਕਣ ਤੋਂ ਬਾਅਦ ਪੰਜ ਪਿਆਰਿਆਂ ਵਿੱਚ ਸੇਵਾ ਲਈ ਤਿਆਰ ਬਰ ਤਿਆਰ ਰਹੇ। ਜਦ ਵੀ ਗੁਰੂ ਘਰ ਤੋਂ ਨਗਰ ਕੀਰਤਨ ਦੀ ਬੇਨਤੀ ਹੋ ਜਾਵੇ ਜਾਂ ਕਿਸੇ ਦੇ ਰਾਹੀਂ ਨਗਰ ਕੀਰਤਨ ਦਾ ਪਤਾ ਲੱਗੇ ਤਾਂ ਸਿੰਘ ਆਪ ਗੁਰੂ ਘਰ ਜਾ ਕੇ ਆਪਣਾ ਨਾਮ ਸੇਵਾ ਲਈ ਲਿਖਵਾਵੇ। ਜੇ ਸਿੰਘ ਜੀ ਦੇ ਜਾਣ ਤੋਂ ਪਹਿਲਾਂ ਹੀ ਪੰਜਾਂ ਸਿੰਘਾਂ ਦੇ ਨਾਮ ਆ ਗਏ ਹੋਣ ਤਾਂ ਕਿਸੇ ਦਾ ਨਾਮ ਕਟਵਾਉਣਾ ਨਹੀਂ, ਬਲਕਿ ਸਤਿਗੁਰਾਂ ਪਾਸੋਂ ਸੇਵਾ ਲਈ ਅਰਦਾਸ ਬੇਨਤੀ ਕਰਨੀ ਹੈ, ਸੇਵਾ ਲਈ ਸਤਿਗੁਰਾਂ ਪਾਸੋਂ ਸੇਵਾ ਵਾਲਾ ਜੀਵਨ ਮੰਗਣਾ ਹੈ।
- ਅੰਮ੍ਰਿਤ ਛਕਣ ਤੋਂ ਬਾਅਦ ਆਪਾਂ ਆਪਣੇ ਘਰ ਦੇ ਨੇੜਲੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਜੀ ਕੋਲ ਜਾਈਏ ਅਤੇ ਜਾ ਕੇ ਬੇਨਤੀ ਕਰੀਏ ਕਿ, ਵਾਹਿਗੁਰੂ ਜੀਓ ਸਾਨੂੰ ਗੁਰੂ ਸਾਹਿਬ ਜੀ ਦੇ ਅੰਗ ਸਾਫ ਕਰਨ ਦੀ ਸੇਵਾ ਸਿਖਾ ਦਿਓ। ਫਿਰ ਰੋਜ਼ਾਨਾ ਪੂਰੀ ਭੈ/ਭਾਵਨਾ ਨਾਲ ਸਤਿਗੁਰਾਂ ਦੇ ਅੰਗ ਸਾਫ ਕਰਨ ਦੀ ਸੇਵਾ ਜ਼ਰੂਰ ਕਰੀਏ ਜੀ।
- ਅੰਮ੍ਰਿਤ ਛਕਣ ਤੋਂ ਬਾਅਦ ਆਪਣਾ ਫਰਜ਼ ਬਣਦਾ ਹੈ ਕਿ ਆਪਾਂ ਆਪਣੇ ਘਰ ਸ਼ੁਕਰਾਨੇ ਦਾ ਇੱਕ ਸਹਿਜ ਪਾਠ ਜ਼ਰੂਰ ਕਰਵਾਈਏ ਜੀ। ਕਿਉਂਕਿ ਅੰਮ੍ਰਿਤ ਦੀ ਦਾਤ ਤੋਂ ਵੱਡੀ ਦਾਤ ਹੋਰ ਕੋਈ ਹੈ ਹੀ ਨਹੀਂ, ਸਤਿਗੁਰਾਂ ਵੱਲੋਂ ਬਖਬੀ ਅੰਮ੍ਰਿਤ ਦੀ ਇਸ ਦਾਤ ਦਾ ਤਾਂ ਰੋਜ਼ਾਨਾ ਸ਼ੁਕਰਾਨਾ ਕਰੀਏ। ਕਿਹਾ ਕਰੀਏ: ਸਤਿਗੁਰੂ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀਓ ਮਹਾਰਾਜ ਆਪ ਜੀ ਦਾ ਬੜਾ ਤਰਸ ਹੋਇਆ, ਆਪਣੇ ਬੱਚੇ ਨੂੰ ਅੰਮ੍ਰਿਤ ਦੀ ਦਾਤ ਬਖਸ਼ੀ ਹੈ।
- ਅੰਮ੍ਰਿਤ ਛਕਣ ਤੋਂ ਬਾਅਦ ਹਰ ਸਿੰਘ/ਸਿੰਘਣੀ ਦਾ ਇਹ ਫਰਜ਼ ਬਣਦਾ ਹੈ ਕਿ ਅੰਮ੍ਰਿਤ ਵੇਲੇ ਜਾਂ ਸੰਧਿਆ ਵੇਲੇ ਗੁਰੂ ਘਰ ਜਾ ਕੇ ਗੁਰੂ ਸਾਹਿਬ ਜੀ ਦੇ ਦਰਸ਼ਨ ਅਤੇ ਜਿੰਨੀ ਕੁ ਹੋ ਸਕੇ ਸੇਵਾ ਜ਼ਰੂਰ ਕੀਤੀ ਜਾਵੇ। ਹੋ ਸਕੇ ਗ੍ਰੰਥੀ ਸਿੰਘ ਜੀ ਨਾਲ ਪ੍ਰਕਾਸ਼ ਜਾਂ ਸੁੱਖ ਆਸਣ

ਕਰਵਾਉਣ ਦੀ ਸੇਵਾ ਵੀ ਨਾਲ ਕਰਵਾਈ ਜਾ ਸਕਦੀ ਹੈ। ਜਿਵੇਂ ਚੌਰ ਸਾਹਿਬ ਦੀ ਸੇਵਾ, ਰੁਮਾਲੇ ਠੀਕ ਕਰਨ ਦੀ ਸੇਵਾ ਆਦਿ।

- ਸੰਗਤ ਕਰਨੀ ਬੜੀ ਜ਼ਰੂਰੀ ਹੈ। ਅੰਮ੍ਰਿਤਧਾਰੀ ਹੋਣ ਤੋਂ ਬਾਅਦ ਹਰ ਸਿੰਘ/ਸਿੰਘਣੀ ਦਾ ਇਹ ਫਰਜ਼ ਬਣਦਾ ਹੈ ਕਿ ਉਹ ਅੰਮ੍ਰਿਤ ਵੇਲੇ ਜਾਂ ਦਿਨੇ ਜਦੋਂ ਵੀ ਸਮਾਂ ਲੱਗੇ ਤਾਂ ਸੰਗਤ ਜ਼ਰੂਰ ਕਰਨ।
- ਅੰਮ੍ਰਿਤ ਛਕਣ ਤੋਂ ਬਾਅਦ ਬੀਬੀਆਂ ਸ਼ਾਮ ਵੇਲੇ ਗੁਰੂ ਘਰ ਜਾ ਕੇ ਸਤਿਗੁਰਾਂ ਦੇ ਸੁੱਖਆਸਣ ਵਾਲੇ ਬਸਤਰ ਧੋਣ ਦੀ ਸੇਵਾ ਵੀ ਕਰ ਸਕਦੀਆਂ ਨੇ। ਜੇ ਬਸਤਰ ਧੋਣ ਵਾਲੀ ਸੰਗਤ ਜਿਆਦਾ ਹੋਵੇ ਤਾਂ ਸੇਵਾ ਦੇ ਦਿਨ ਵੰਡੇ ਜਾ ਸਕਦੇ ਨੇ। ਪਰ ਸਤਿਗੁਰਾਂ ਦੇ ਸੁੱਖ ਆਸਣ ਵਾਲੇ ਬਸਤਰ ਧੋਣ ਦੀ ਸੇਵਾ ਜ਼ਰੂਰ ਕੀਤੀ ਜਾਵੇ।
- ਅੰਮ੍ਰਿਤ ਛਕਣ ਤੋਂ ਬਾਅਦ ਹਰ ਸਿੰਘ/ਸਿੰਘਣੀ ਦਾ ਫਰਜ਼ ਬਣਦਾ ਹੈ ਕਿ ਸਾਲ ਵਿੱਚ ਘੱਟੋ ਘੱਟ ਇੱਕ ਵਾਰ ਚੜ੍ਹਦੀ ਕਲਾ ਵਾਲੇ ਪੰਜ ਸਿੰਘਾਂ ਨੂੰ ਘਰ ਬੁਲਾ ਕੇ ਪ੍ਰਸ਼ਾਦਾ ਜ਼ਰੂਰ ਛਕਾਇਆ ਜਾਵੇ। ਪ੍ਰਸ਼ਾਦੇ ਤੋਂ ਪਹਿਲਾਂ ਸਾਰਾ ਪਰਿਵਾਰ ਬੈਠ ਕੇ ਪੰਜ ਸਿੰਘਾਂ ਨਾਲ ਘੱਟੋ ਘੱਟ ਇੱਕ ਘੰਟਾ ਵਾਹਿਗੁਰੂ ਸਿਮਰਨ ਜ਼ਰੂਰ ਕਰੇ। ਉਪਰੰਤ ਦੇਗਾਂ ਸਜਾ ਕੇ, ਅਰਦਾਸ ਬੇਨਤੀ ਕਰਕੇ ਫਿਰ ਪ੍ਰਸ਼ਾਦਾ ਛਕਾਇਆ ਜਾਵੇ।
- ਅੰਮ੍ਰਿਤ ਛਕਣ ਤੋਂ ਬਾਅਦ ਸਹਿਜ ਪਾਠ ਦੀ ਸੇਵਾ ਲਗਾਤਾਰ ਨਿਰੰਤਰ ਚਲਦੀ ਰਹਿਣੀ ਚਾਹੀਦੀ ਹੈ।
- ਅੰਮ੍ਰਿਤ ਛਕਣ ਤੋਂ ਬਾਅਦ ਜਿਹੜਾ ਵੀ ਸਿੱਖ ਅੰਮ੍ਰਿਤ ਵੇਲੇ ਗੁਰੂ ਨਾਨਕ ਪਾਤਸ਼ਾਹ ਜੀ ਨਾਲ ਗੱਲਾਂ ਕਰਨੀਆਂ ਚਾਹੁੰਦਾ ਹੈ ਤਾਂ ਉਹ ਸਿੱਖ 25/30 ਮਿੰਟ ਵਿੱਚ ਇੱਕ ਜਪੁਜੀ ਸਾਹਿਬ ਪਾਠ ਗਾ ਗਾ ਕੇ ਕਰੇ। ਪਾਠ ਸ਼ੁਰੂ ਕਰਨ ਤੋਂ ਪਹਿਲਾਂ ਇਹ ਅਰਦਾਸ ਜ਼ਰੂਰ ਹੋਵੇ: ਪਾਤਸ਼ਾਹ ਜੀਓ ਅੱਜ ਮਨ ਅੰਦਰ ਇਹ ਭਾਵਨਾ ਹੈ ਕਿ ਤੁਸੀਂ ਆਪ ਬਾਣੀ ਸ੍ਰਵਣ ਕਰੋ। ਕਰੋ ਕ੍ਰਿਪਾ, ਰੱਖੋ ਸਿਰ ’ਤੇ ਹੱਥ, ਬਖਸ਼ੋ ਆਗਿਆ ਬਾਣੀ ਪੜ੍ਹਣੇ ਦੀ। ਫਿਰ ਨਾਲ ਹੀ ਹੌਲ਼ੀ ਹੌਲ਼ੀ ਬਾਣੀ ਗਾ ਗਾ ਕੇ ਪੜ੍ਹਣੀ ਸ਼ੁਰੂ ਕਰ ਲੈਣੀ ਹੈ ਜੀ।

- ਅੰਮ੍ਰਿਤ ਛਕਣ ਤੋਂ ਬਾਅਦ ਹਰ ਸਿੱਖ, ਹਰ ਕਿਸੇ ਨੂੰ ਅੰਮ੍ਰਿਤ ਛਕਣ ਲਈ ਜ਼ਰੂਰ ਪ੍ਰੇਰੇ। ਜਿਹਨਾਂ ਨੇ ਅੰਮ੍ਰਿਤ ਛਕੇ ਹੋਏ ਨੇ, ਜੇ ਉਹ ਅੰਮ੍ਰਿਤ ਵੇਲੇ ਤੋਂ ਦੂਰ ਨੇ, ਤਾਂ ਉਹਨਾਂ ਅੰਮ੍ਰਿਤਧਾਰੀਆਂ ਨੂੰ ਅੰਮ੍ਰਿਤ ਵੇਲੇ ਨਾਲ ਜੁੜਣ ਦੀ ਪ੍ਰੇਰਨਾ ਜ਼ਰੂਰ ਦੇਵੇ। ਅੰਮ੍ਰਿਤ ਛਕਣ ਤੋਂ ਬਾਅਦ ਆਪਣਾ ਫਰਜ਼ ਬਣਦਾ ਹੈ ਕਿ ਆਪਾਂ ਹਫਤੇ ਵਿੱਚ ਇੱਕ ਸਿੱਖ ਨੂੰ ਅੰਮ੍ਰਿਤ ਵੇਲੇ ਨਾਲ ਜੋੜੀਏ ਜੀ।
- ਅੰਮ੍ਰਿਤ ਛਕਣ ਤੋਂ ਬਾਅਦ ਹਰ ਸਿੱਖ ਰਹਿਤਨਾਮੇ ਜ਼ਰੂਰ ਪੜ੍ਹੇ ਜੀ। ਇਹ ਰਹਿਤਨਾਮੇ ਆਪਾਂ ਇੱਕ ਦੋ ਵਾਰ ਨਹੀਂ ਘੱਟੋ ਘੱਟ ਇੱਕ ਸਾਲ ਲਗਾਤਾਰ ਪੜ੍ਹੀਏ। ਪ੍ਰੋ. ਪਿਆਰਾ ਸਿੰਘ ਪਦਮ ਜੀ ਨੇ ਸਾਰੇ ਰਹਿਤਨਾਮੇ, ਇੱਕੋ ਕਿਤਾਬ ਸਿੱਖ ਰਹਿਤਨਾਮੇ ਵਿੱਚ ਇਕੱਠੇ ਕਰਕੇ ਸਿੱਖ ਕੌਮ ਨੂੰ ਬੜਾ ਕੀਮਤੀ ਖਜ਼ਾਨਾ ਦਿੱਤਾ ਹੈ।
- ਅੰਮ੍ਰਿਤ ਛਕਣ ਤੋਂ ਬਾਅਦ ਜਦੋਂ ਵੀ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਪਣੇ ਘਰ ਜਾਂ ਆਪਣੇ ਕਿਸੇ ਰਿਸ਼ਤੇਦਾਰ ਦੇ ਜਾਂ ਆਂਢ ਗੁਆਂਢ ਆਉਣ ਤਾਂ ਜਿਸ ਪ੍ਰਸ਼ਾਦੇ ਦਾ ਭੋਗ ਗੁਰੂ ਸਾਹਿਬ ਜੀ ਨੂੰ ਆਪਾਂ ਲਵਾਉਂਦੇ ਹਾਂ, ਉਹ ਪ੍ਰਸ਼ਾਦੇ ਵਾਲਾ ਥਾਲਾ ਆਪਾਂ ਆਪ ਪ੍ਰੇਮ-ਭਾਵਨਾ ਸਹਿਤ, ਗੁਰਬਾਣੀ ਪੜ੍ਹਦਿਆਂ ਜਾਂ ਵਾਹਿਗੁਰੂ ਸਿਮਰਨ ਕਰਦਿਆਂ ਆਪਣੇ ਹੱਥੀਂ ਤਿਆਰ ਕਰੀਏ।
- ਅੰਮ੍ਰਿਤ ਛਕਣ ਤੋਂ ਬਾਅਦ ਆਪਾਂ ਜਪੁਜੀ ਸਾਹਿਬ ਦਾ ਪਾਠ ਤਾਂ ਯਾਦ ਕਰੀਏ ਹੀ ਕਰੀਏ ਜੀ। ਤਾਂ ਕਿ ਆਪਣੇ ਘਰ ਜਾਂ ਪਿੰਡ/ਮੁਹੱਲੇ ਜਾਂ ਆਪਣੀ ਕਿਸੇ ਰਿਸ਼ਤੇਦਾਰੀ ਵਿੱਚ ਕੋਈ ਬੱਚਾ ਜਨਮ ਲਵੇ ਤਾਂ ਉਸ ਬੱਚੇ ਨੂੰ ਛੋਟ ਸਰਬਲੋਹ ਦੇ ਬਾਟੇ ਵਿੱਚ ਥੋੜ੍ਹਾ ਜਿਹਾ ਜਲ ਪਾ ਕੇ, ਵਿੱਚ ਪੰਜ ਛੋਟੇ ਪਤਾਸੇ ਪਾ ਕੇ, ਗਾਤਰੇ ਵਾਲੀ ਕ੍ਰਿਪਾਨ ਵਿੱਚ ਫੇਰਕੇ ਅੰਮ੍ਰਿਤ ਦਾ ਚੂਲਾ ਤਿਆਰ ਕਰਕੇ, ਗਾਤਰੇ ਵਾਲੀ ਕ੍ਰਿਪਾਨ ਦੀ ਨੋਕ ਨਾਲ ਹੀ ਪੰਜ ਬੂੰਦਾਂ ਬੱਚੇ ਦੇ ਮੁੱਖ ਵਿੱਚ ਪਾ ਕੇ ਨਵ-ਜੰਮੇ ਬੱਚੇ ਨੂੰ ਅੰਮ੍ਰਿਤ ਦਾ ਚੂਲਾ ਦੇ ਸਕੀਏ।